# ਕੁਟੇਸ਼ਨ/ਟੈਂਡਰ ਨੋਟਿਸ

ਜਲ ਸਪਲਾਈ ਸਕੀਮਾਂ ਚਲਾਉਣ ਲਈ ਮਹਿਕਮੇ ਦੇ ਪ੍ਰਵਾਨਤ ਠੇਕੇਦਾਰਾਂ ਤੋਂ ਕੁਟੇਸ਼ਨਾਂ ਲਮਸਮ ਦੇ ਆਧਾਰ ਤੇ ਪਿੰਡ ਵਾਸੀਆਂ ਨੂੰ ਸਮੇਂ ਸਿਰ ਪਾਣੀ ਦੀ ਸਪਲਾਈ ਦੇਣ ਹਿੱਤ ਮੋਟਰ ਚਲਾਉਣ ਲਈ ਸਰਵਿਸਿਜ਼ ਮੁਹੱਈਆ ਕਰਵਾਉਣ ਲਈ ਆਫ ਲਾਈਨ ਮੰਗੀਆਂ ਜਾਂਦੀਆਂ ਹਨ। ਇਹ ਕੁਟੇਸ਼ਨ 01.06.23 ਤੋਂ 31.07.23 ਤੱਕ ਲਾਗੂ ਰਹਿਣਗੀਆਂ।

| ਲੜੀ ਨੰ: | ਕੰਮ ਦਾ ਨਾਂ | ਟੈਂਡਰ ਜਮਾਂ ਕਰਾਉਣ ਦੀ ਆਖਰੀ ਮਿਤੀ | ਟੈਂਡਰ ਖੋਲਣ ਦੀ ਮਿਤੀ |
|---|---|---|---|
| 1 | ਸਾਲਾਨਾਂ ਦੇਖਭਾਲ ਸਕੀਮਾਂ ਉੱਤੇ ਲੱਗੀ ਮਸ਼ੀਨਰੀ ਨੂੰ ਚਲਾ ਕੇ ਪਿੰਡ ਵਿਚ ਜਲ ਸਪਲਾਈ ਦੇਣਾ ਮਸ਼ੀਨਰੀ ਦਾ ਰੱਖ ਰਖਾਵ ਕਰਨਾ, ਮੌਕੇ ਉੱਤੇ ਪਾਈਪ ਲਾਈਨ ਵਿਚ 5 ਲੀਕੇਜ਼ (ਸਿਰਫ ਲੇਬਰ) ਲਗਾਉਣਾ ਵਾਟਰ ਵਰਕਸ ਉਤੇ ਲੱਗੇ ਬੂੱਟੇ, ਘਾਹ, ਹੈਂਜ ਆਦਿ ਨੂੰ ਸਹੀ ਹਾਲਤ ਵਿੱਚ ਰੱਖਣਾ ਅਤੇ ਸਕੀਮ ਨਾਲ ਸਬੰਧਤ ਹੋਰ ਕੰਮ ਕਰਨਾ ਆਦਿ।<br>1. ਖਾਨਪੁਰ<br>2. ਫਤਿਹਪੁਰ ਅਰਾਈਆਂ<br>3. ਗੋਪਾਲੋਂ<br>4. ਕਮਾਲੀ<br>5. ਰੁਪਾਲਹੇੜੀ<br>6. ਨੰਦਪੁਰ ਕਲੌੜ<br>7. ਕੱਜਲ ਮਾਜਰਾ<br>8. ਬਹੇੜ<br>9. ਬਾਗ ਸਿਕੰਦਰ<br>10. ਥਾਬਲਾਂ<br>11. ਗੁਣੀਆਂ ਮਾਜਰੀ<br>12. ਹਰਲਾਲਪੁਰਾ<br>13. ਫਤਿਹਪੁਰ ਜੱਟਾਂ<br>14. ਬਹਿਰਾਮਪੁਰ<br>15. ਮਹਾਦੀਆਂ<br>16. ਦਮਹੇੜੀ<br>17. ਨੋਗਾਵਾਂ<br>18. ਡਾਟਾ ਐਂਟਰੀ ਓਪਰੇਟਰ<br>19. ਦਫਤਰੀ ਹੈਲਪਰ | 25.05.2023<br>ਤੋਂ<br>31.05.2023<br><br>ਸਮਾਂ<br>(11:00 ਵਜੇ ਸਵੇਰੇ) | 31.05.2023<br><br>ਸਮਾਂ<br>(11:30 ਵਜੇ ਸਵੇਰੇ) |

ਸ਼ਰਤਾਂ ਅਤੇ ਨਿਯਮ:-

- ਠੇਕੇਦਾਰ ਦੇ ਮੰਨਜੂਰ ਕੀਤੇ ਗਏ ਰੇਟਾਂ ਵਿੱਚ 50% ਮੋਟਰ ਚਲਾਉਣ, 20% ਵਾਟਰ ਵਰਕਸ ਦੀ ਸਾਂਭ ਸੰਭਾਲ, 10% ਪਾਣੀ ਦੀਆਂ ਲੀਕਾਂ ਬੰਦ ਕਰਨ ਅਤੇ 20% ਨਜਾਇਜ਼ ਕੁਨੈਕਸ਼ਨ ਚੈੱਕ ਕਰਨ ਅਤੇ ਪਾਣੀ ਦੇ ਬਿੱਲ ਵੰਡਣ ਦੇ ਪੈਸੇ ਸ਼ਾਮਲ ਹੋਣਗੇ।
- ਠੇਕੇਦਾਰ ਬਿਜਲੀ ਦੀ ਉਪਲਬਧਤਾ ਅਨੁਸਾਰ ਮਸ਼ੀਨਰੀ ਚਲਾ ਕਿ ਟੈਂਕੀ ਰਾਹੀਂ ਸਕੀਮ ਅਧੀਨ ਪੈਂਦੇ ਸਾਰੇ ਪਿੰਡਾਂ ਨੂੰ ਸਬੰਧਤ ਉਪ ਮੰਡਲ ਇੰਜੀਨੀਅਰ ਵੱਲੋਂ ਦਿੱਤੇ ਗਏ ਆਦੇਸ਼ਾਂ ਅਨੁਸਾਰ ਸਮੇਂ ਸਿਰ ਪਾਣੀ ਦੀ ਸਪਲਾਈ ਦੀ ਸਰਵਿਸਿਜ਼ ਦੇਣ ਲਈ ਪਾਬੰਦ ਹੋਵੇਗਾ।
- ਠੇਕੇਦਾਰ ਵਾਟਰ ਵਰਕਸ ਤੇ ਹਾਜਰ ਹੋਵੇਗਾ।
- ਠੇਕੇਦਾਰ ਪੰਪ ਚੈਂਬਰ ਵਿਚ ਲੋਗ ਬੁੱਕ ਰੱਖੇਗਾ ਜਿਸ ਵਿਚ ਮਸ਼ੀਨਰੀ ਨੂੰ ਚਲਾਉਣ ਅਤੇ ਪਾਣੀ ਦੀ ਸਪਲਾਈ ਦਾ ਰਿਕਾਰਡ ਦਰਜ ਕਰੇਗਾ। ਇਹ ਲੋਗ ਬੁੱਕ ਵਿਭਾਗ ਦੇ ਅਧਿਕਾਰੀਆਂ ਦੇ ਨਿਰੀਖਣ ਲਈ ਹਰ ਸਮੇਂ ਉਪਲਬੱਧ ਹੋਵੇਗੀ।
- ਵਾਟਰ ਵਰਕਸ ਤੇ ਇਕ ਸ਼ਿਕਾਇਤ ਰਜਿਸਟਰ ਰੱਖਿਆ ਜਾਵੇਗਾ ਜਿਸ ਵਿਚ ਠੇਕੇਦਾਰ ਆਮ ਜਨਤਾ ਦੀਆਂ ਸ਼ਿਕਾਇਤਾਂ ਦਰਜ ਕਰੇਗਾ ਜਾਂ ਕਰਵਾਏਗਾ ਅਤੇ ਸਮੇਂ ਸਿਰ ਸਬੰਧਤ ਜੇ.ਈ./ਏ.ਈ. ਨੂੰ ਸੂਚਿਤ ਕਰੇਗਾ।
- ਠੇਕੇਦਾਰ ਵੱਲੋਂ ਜੇਕਰ ਸਰਕਾਰੀ ਸਮਾਨ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
- ਠੇਕੇਦਾਰ ਵੱਲੋਂ ਸਪਲਾਈ ਕੀਤੇ ਜਾਣ ਵਾਲੇ ਪਾਣੀ ਨੂੰ ਨਿਯਮਾਂ ਅਨੁਸਾਰ ਅਧਿਕਾਰੀਆਂ ਵੱਲੋਂ ਦਿੱਤੇ ਆਦੇਸ਼ਾਂ ਅਨੁਸਾਰ ਕਲੋਰੀਨੇਸ਼ਨ ਕਰਨੀ ਜਰੂਰੀ ਹੋਵੇਗੀ। ਇਸ ਕੰਮ ਲਈ ਬਲੀਚਿੰਗ ਪਾਊਡਰ/ਸੋਡੀਅਮ ਹਾਈਪੋਕਲੋਰਾਈਡ ਤੇ ਹੋਰ ਲੋੜੀਂਦਾ ਸਮਾਨ ਵਿਭਾਗ ਵੱਲੋਂ ਦਿੱਤਾ ਜਾਵੇਗਾ। ਸਮੇਂ ਸਮੇਂ ਪਾਣੀ ਦੀ ਟੈਸਟਿੰਗ ਕਰਾਉਣੀ ਵੀ ਜਰੂਰੀ ਹੋਵੇਗੀ।

➢ ਠੇਕੇਦਾਰ ਪੰਪ ਚੈਂਬਰ, ਵਾਟਰ ਵਰਕਸ, ਮਸ਼ੀਨਰੀ ਅਤੇ ਸਟਾਫ ਕੁਆਰਟਰ ਦੇ ਆਲੇ ਦੁਆਲੇ ਦੀ ਸਫਾਈ ਦਾ ਜ਼ਿੰਮੇਵਾਰ ਹੋਵੇਗਾ।

➢ ਠੇਕੇਦਾਰ ਮਸ਼ੀਨਰੀ ਨੂੰ ਠੀਕ ਢੰਗ ਨਾਲ ਚਲਾਏਗਾ। ਜੇਕਰ ਉਸ ਦੀ ਅਣਗਹਿਲੀ ਕਾਰਨ ਮਸ਼ੀਨਰੀ ਖਰਾਬ ਹੁੰਦੀ ਹੈ ਜਾਂ ਮੋਟਰ ਸੜ ਜਾਂਦੀ ਹੈ ਤਾਂ ਇਸ ਨੁਕਸਾਨ ਲਈ ਸਬੰਧਤ ਠੇਕੇਦਾਰ ਜਿੰਮੇਵਾਰ ਹੋਵੇਗਾ।

➢ ਜੇਕਰ ਠੇਕੇਦਾਰ ਦੀਆਂ ਸਰਵਿਸਿਜ਼ ਤਸੱਲੀਬਖਸ਼ ਨਹੀਂ ਪਾਈਆਂ ਜਾਂਦੀਆਂ ਤਾਂ ਵਰਕ ਆਰਡਰ ਜਲ ਸਪਲਾਈ ਦੀਆਂ ਜਰੂਰੀ ਸੇਵਾਵਾਂ ਹੋਣ ਕਰਕੇ ਤੁਰੰਤ ਬਿਨਾਂ ਕਿਸੇ ਨੋਟਿਸ ਦਿੱਤੇ ਕੈਂਸਲ ਕੀਤਾ ਜਾ ਸਕਦਾ ਹੈ।

➢ ਠੇਕੇਦਾਰ ਨੂੰ ਵਾਟਰ ਸਪਲਾਈ ਦੀ ਪਾਈਪ ਲਾਈਨ ਦੀ ਭੰਨ ਤੋੜ ਕਰਨ ਜਾਂ ਨਵੇਂ ਕੁਨੈਕਸ਼ਨ ਦੇਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਜੇਕਰ ਠੇਕੇਦਾਰ ਕਿਸੇ ਨੂੰ ਅਜਿਹੇ ਕੁਨੈਕਸ਼ਨ ਜਾਰੀ ਕਰਦਾ ਹੈ ਤਾਂ ਉਹ ਅਣ-ਅਧਿਕਾਰਕ ਸਮਝਿਆ ਜਾਵੇਗਾ ਅਤੇ ਠੇਕੇਦਾਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਦਾ ਠੇਕਾ ਵੀ ਬਿਨਾਂ ਕਿਸੇ ਨੋਟਿਸ ਦਿੱਤੇ ਰੱਦ ਕੀਤਾ ਜਾ ਸਕਦਾ ਹੈ ਤੇ ਵਿਭਾਗ ਵਿੱਚ ਇਨਲਿਸਟਮੈਂਟ ਵੀ ਰੱਦ ਕੀਤੀ ਜਾ ਸਕਦੀ ਹੈ।

➢ ਠੇਕੇਦਾਰ ਕੁਟੇਸ਼ਨ ਨਾਲ ਠੇਕੇਦਾਰੀ ਦੇ ਲਾਇਸੈਂਸ ਦੀ ਕਾਪੀ ਨਾਲ ਨੱਥੀ ਕਰੇਗਾ ਇਸ ਤੋਂ ਬਿਨਾਂ ਕੁਟੇਸ਼ਨ ਰੱਦ ਸਮਝੀ ਜਾਵੇਗੀ।

➢ ਠੇਕੇਦਾਰ ਹਰ ਮਹੀਨੇ ਖਪਤਕਾਰਾਂ ਨੂੰ ਮਹਿਕਮੇਂ ਕੋਲੋਂ ਬਿੱਲ ਲੈ ਕੇ ਵੰਡਣ ਲਈ ਜਿੰਮੇਵਾਰ ਹੋਵੇਗਾ।

➢ ਠੇਕਾਦਰ ਸਬੰਧਤ ਸਕੀਮ ਅਧੀਨ ਪੈਂਦੇ ਪਿੰਡ/ਪਿੰਡਾਂ ਵਿੱਚ ਚੱਲ ਰਹੇ ਜਾਅਲੀ ਕੁਨੈਕਸ਼ਨਾਂ ਅਤੇ ਖਪਤਕਾਰਾਂ ਵੱਲੋਂ ਚਲਾਏ ਜਾ ਰਹੇ ਟੁੱਲੂ ਪੰਪ ਬਾਰੇ ਸਬੰਧਤ ਏ.ਈ./ਜੇ.ਈ. ਨੂੰ ਰਿਪੋਰਟ ਕਰੇਗਾ ਅਤੇ ਮਹਿਕਮੇ ਵਿੱਚ ਇਹ ਸਰਟੀਫਿਕੇਟ ਦੇਵੇਗਾ ਕਿ ਜਿਸ ਸਕੀਮ ਤੇ ਉਹ ਸਰਵਿਸਿਜ਼ ਮੁਹੱਈਆ ਕਰਵਾ ਰਿਹਾ ਹੈ, ਉਸ ਸਕੀਮ ਅਧੀਨ ਪੈਂਦੇ ਪਿੰਡ/ਪਿੰਡਾਂ ਵਿੱਚ ਕੋਈ ਵੀ ਜਾਅਲੀ ਕੁਨੈਕਸ਼ਨ ਨਹੀਂ ਹੈ ਅਤੇ ਇਹ ਵੀ ਸਰਟੀਫਿਕੇਟ ਦੇਵੇਗਾ ਕਿ ਕੋਈ ਟੁੱਲੂ ਪੰਪ ਵੀ ਨਹੀਂ ਲਗਾਇਆ ਜਾ ਰਿਹਾ ਹੈ।

➢ ਠੇਕੇਦਾਰ ਪਾਣੀ ਦੇ ਬਿੱਲ ਵੰਡਣ ਅਤੇ ਰੈਵੀਨਿਊ ਇਕੱਠਾ ਕਰਵਾਉਣ ਵਿੱਚ ਜੇ.ਈ./ਏ.ਈ. ਅਤੇ ਰੈਵਿਨੀਊ ਕੂਲੈਕਟਰਜ਼ ਦਾ ਪੂਰਾ ਸਹਿਯੋਗ ਦੇਵੇਗਾ।

➢ ਠੇਕੇਦਾਰ ਵੱਲੋਂ ਵਾਟਰ ਵਰਕਸ ਤੇ ਜੇਕਰ ਕਿਸੇ ਵੀ ਕਿਸਮ ਦੀ ਗੈਰ ਕਾਨੂੰਨੀ ਹਰਕਤ ਜਾਂ ਕਾਰਵਾਈ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਠੇਕੇਦਾਰ ਦੀ ਪੂਰੀ ਜ਼ਿੰਮੇਵਾਰੀ ਹੋਵੇਗੀ ਬਿਨਾਂ ਕਿਸੇ ਨੋਟਿਸ ਦਿੱਤੇ ਠੇਕੇਦਾਰ ਦੀਆਂ ਸੇਵਾਵਾਂ ਰੱਦ ਕਰ ਦਿੱਤੀਆਂ ਜਾਣਗੀਆਂ ਅਤੇ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

➢ ਨਿਮਨਹਸਤਾਖਰ ਕੋਲ ਠੇਕੇਦਾਰ ਦਾ ਵਰਕ ਆਰਡਰ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਰੱਦ ਕਰਨ ਦੇ ਅਧਿਕਾਰ ਹੋਣਗੇ।

ਉਪ ਮੰਡਲ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ,
ਬਸੀ ਪਠਾਣਾਂ ਐਟ ਫਤਿਹਗੜ੍ਹ ਸਾਹਿਬ।

ਪਿੱਠ ਅੰਕਣ ਨੰ: 640-45 ਮਿਤੀ 25.5.23

ਉਪਰੋਕਤ ਨਕਲ ਹੇਠ ਲਿਖਿਆਂ ਨੂੰ ਭੇਜੀ ਜਾਂਦੀ ਹੈ ਜੀ।

1) ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਫਤਿਹਗੜ੍ਹ ਸਾਹਿਬ।
2) ਉਪ ਮੰਡਲ ਇੰਜੀ. ਜ਼ਸਸ ਉਪ ਮੰਡਲ ਨੰ: 1 ਅਤੇ 2, ਖੇੜਾ ਐਟ ਫਗਸ ਅਤੇ ਅਮਲੋਹ ਐਟ ਸੌਂਟੀ।
3) ਸਾਰੇ ਠੇਕੇਦਾਰਾਂ ਨੂੰ ਨੋਟਿਸ ਬੋਰਡ ਰਾਹੀਂ।

ਉਪ ਮੰਡਲ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ,
ਬਸੀ ਪਠਾਣਾਂ ਐਟ ਫਤਿਹਗੜ੍ਹ ਸਾਹਿਬ।